ਪੰਜਾਬ ਸਰਕਾਰ

ਸੈਂਕਸਨ ਨੰਬਰ 139

ਮਾਲ, ਪੁਨਰਵਾਸ ਤੇ ਡਿਜਾਸਟਰ ਮੈਨੇਜਮੈਂਟ ਵਿਭਾਗ

(ਡੀ. ਐਮ.-1 ਸਾਖਾ)

ਸੇਵਾ ਵਿਖੇ

ਡਿਪਟੀ ਕਮਿਸਨਰ,
ਜਲੰਧਰ।

ਮੀਮੋ ਨੰ: 11/95/11/5.ਡੀ.ਐਮ.1/ 17097
ਚੰਡੀਗੜ੍ਹ, ਮਿਤੀ 16-09-2011

ਵਿਸ਼ਾ: ਭਾਰੀ ਬਾਰਸਾਂ ਕਾਰਨ ਨੁਕਸਾਨੀਆਂ ਗਈਆਂ ਸੜਕਾਂ ਦੀ ਮੁਰੰਮਤ ਦੇ ਕੰਮਾਂ ਲਈ ਫੰਡਜ ਮੰਨਜੂਰ ਕਰਨ ਬਾਰੇ।

ਹਵਾਲਾ: ਆਪ ਦਾ ਪੱਤਰ ਨੰਬਰ 2126/ਡੀ.ਆਰ.ਏ.(ਟੀ), ਮਿਤੀ 25-08-2011.

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਕੁਦਰਤੀ ਆਫਤਾਂ ਕਰਕੇ ਰਾਹਤ ਫੰਡ ਵਿਚੋਂ ਆਪ ਦੇ ਜਿਲ੍ਹੇ ਵਿੱਚ ਭਾਰੀ ਬਾਰਸਾਂ ਕਾਰਨ ਨੁਕਸਾਨੀਆਂ ਗਈਆਂ ਸੜਕਾਂ ਦੀ ਮੁਰੰਮਤ ਦੇ ਕੰਮਾਂ ਲਈ 12,53,53,000/- ਰੁਪਏ (ਰੁਪਏ ਬਾਰਾਂ ਕਰੋੜ, ਤਰਵੰਜਾ ਲੱਖ ਅਤੇ ਤਰਵੰਜਾ ਹਜਾਰ ਕੇਵਲ) ਖਰਚ ਕਰਨ ਦੀ ਮੰਨਜੂਰੀ ਦਿੰਦੇ ਹਨ।

2. ਇਹ ਖਰਚਾ ਵਿੱਤ ਵਿਭਾਗ ਦੇ ਪੱਤਰ ਨੰਬਰ 1/8/2010-1 ਵਿ. ਬ.-1/341, ਮਿਤੀ 01-04-2011 ਰਾਹੀਂ ਪੰਜਾਬ ਸਰਕਾਰ ਦੀਆਂ ਗ੍ਰਾਂਟਾਂ ਵਾਸਤੇ ਮੰਗਾਂ ਦੇ ਪੰਨਾ ਨੰਬਰ 547 ਤੇ ਮੰਗ ਨੰਬਰ 22 ਦੇ ਲੇਖਾ ਮੱਦ "2245-ਕੁਦਰਤੀ ਆਫਤਾਂ ਕਰਕੇ ਰਾਹਤ" ਸਾਲ 2011-12 ਲਈ ਕੁੱਲ ਪ੍ਰਵਾਨਤ ਬਜਟ ਉਪਬੰਧ 490,07,00,000/- ਰੁਪਏ ਦੀ ਰਕਮ ਵਿਚੋਂ ਕੀਤਾ ਜਾਵੇਗਾ। ਇਸ ਪ੍ਰਵਾਨਤ ਬਜਟ ਵਿਚੋਂ ਖਰਚੇ ਦੀ ਪ੍ਰਵਾਨਗੀ ਦੇ ਸਨਮੁੱਖ 12,53,53,000/- ਰੁਪਏ ਦਾ ਬਜਟ ਅਲਾਟ ਕੀਤਾ ਜਾਂਦਾ ਹੈ।

3. ਇਹ ਰਾਸੀ ਭਾਰਤ ਸਰਕਾਰ ਵਲੋਂ ਜਾਰੀ ਨਾਰਮਜ ਅਤੇ ਆਈਟਮਾਂ ਅਨੁਸਾਰ ਹੀ ਖਰਚ ਕੀਤੀ ਜਾਵੇਗੀ।

4. ਇਹ ਖਰਚਾ ਮੁੱਖ ਮੱਦ "2245-ਕੁਦਰਤੀ ਆਫਤਾਂ ਕਰਕੇ ਰਾਹਤ-02-ਹੜ੍ਹ ਸਾਈਕਲੋਨ ਆਦਿ-122-ਸਿੰਚਾਈ ਤੇ ਹੜ੍ਹ ਕੰਟਰੋਲ ਕਾਰਜਾਂ ਦੀ ਮੁਰੰਮਤ ਤੇ ਪੁਨਰ ਨਿਰਮਾਣ-50-ਹੋਰ ਖਰਚੇ" ਅਧੀਨ ਸਾਲ 2011-12 ਦੌਰਾਨ ਗ੍ਰਾਂਟ ਨੰਬਰ 22-ਮਾਲ ਤੇ ਮੁੜ ਵਸੇਬਾ ਵਿਚੋਂ ਕਰਕੇ ਬਾਅਦ ਵਿੱਚ ਸਟੇਟ ਡਿਜਾਸਟਰ ਰਿਸਪੌਂਸ ਫੰਡ ਵਿਚੋਂ ਰੀਕੂਪ ਕੀਤਾ ਜਾਵੇਗਾ।

5. ਇਹ ਫੰਡਜ ਜਿਲ੍ਹਾ ਪੱਧਰ ਤੇ ਹੀ ਡਰਾਅ ਕੀਤੇ ਜਾਣਗੇ।

6. ਖਜਾਨੇ ਵਿਚੋਂ ਰਕਮ ਪੰਜਾਬ ਸਰਕਾਰ ਦੇ ਵਿੱਤੀ ਨਿਯਮਾਂ/ਮਾਲ ਵਿਭਾਗ ਵਲੋਂ ਇਸ ਸਬੰਧੀ ਸਮੇਂ ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਉਦੋਂ ਹੀ ਕਢਵਾਈ ਜਾਵੇ, ਜਦੋਂ ਇਸ ਦੀ ਅਦਾਇਗੀ ਕੀਤੀ ਜਾਣੀ ਹੈ । ਅਜਿਹਾ ਨਾ ਕਰਨ ਦੀ ਸੂਰਤ ਵਿਚ ਜ਼ਿੰਮੇਵਾਰੀ ਆਪਦੇ ਦਫਤਰ ਦੀ ਹੋਵੇਗੀ ।

7. ਲੋੜ ਨਾਲੋਂ ਵੱਧ ਰਕਮ ਰਲੀਜ਼ ਹੋਣ ਦੀ ਸੂਰਤ ਵਿੱਚ ਉਸ ਨੂੰ ਤੁਰੰਤ ਸਰੰਡਰ ਕੀਤਾ ਜਾਵੇ।

8. ਅਸਲ ਖਰਚ ਹੋਈ ਰਕਮ ਦਾ ਵਰਤੋਂ ਸਰਟੀਫਿਕੇਟ ਤੁਰੰਤ ਭੇਜਿਆ ਜਾਵੇ।

9. ਇਹ ਮੰਨਜ਼ੂਰੀ ਵਿੱਤ ਵਿਭਾਗ ਦੇ ਅੰ. ਵਿ. ਪੱਤਰ ਨੰਬਰ 3/16/11-2 ਵਿ.ਖ.6/2640, ਮਿਤੀ 16-09-2011 ਰਾਹੀਂ ਦਿੱਤੀ ਸਹਿਮਤੀ ਅਨੁਸਾਰ ਜਾਰੀ ਕੀਤੀ ਜਾਂਦੀ ਹੈ।

ਅਧੀਨ ਸਕੱਤਰ ਮਾਲ (ਹ)